# Video conference of the BRICS Ministers of Foreign Affairs/International Relations

April 28, 2020

.........................................................................................................

## BRICS ਦੇਸ਼ਾਂ ਦੇ ਵਿਦੇਸ਼ ਮਾਮਲਿਆਂ / ਅੰਤਰਰਾਸ਼ਟਰੀ ਸਬੰਧਾਂ ਦੇ ਮੰਤਰੀਆਂ ਦੀ ਵੀਡੀਓ ਕਾਨਫਰੰਸ

28 ਅਪ੍ਰੈਲ, 2020

BRICS ਦੇਸ਼ਾਂ ਦੇ ਵਿਦੇਸ਼ ਮਾਮਲਿਆਂ / ਅੰਤਰਰਾਸ਼ਟਰੀ ਸਬੰਧਾਂ ਦੇ ਮੰਤਰੀਆਂ ਦੀ ਬੈਠਕ ਮੌਜੂਦਾ BRICS ਪ੍ਰਧਾਨ ਰੂਸ ਵੱਲੋਂ 28 ਅਪ੍ਰੈਲ 2020 ਨੂੰ ਵੀਡੀਓ ਕਾਨਫਰੰਸ ਰਾਹੀਂ ਸੱਦੀ ਗਈ ਸੀ। ਰੂਸੀ ਸੰਘ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਸ੍ਰੀ ਸੇਰਗੇਈ ਲਾਵਰੋਵ ਨੇ ਇਸ ਬੈਠਕ ਦੀ ਪ੍ਰਧਾਨਗੀ ਕੀਤੀ। ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਭਾਰਤ ਦੀ ਨੁਮਾਇੰਦਗੀ ਕੀਤੀ। ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਰਾਜਦੂਤ ਅਰਨੇਸਟੋ ਅਰੈਜੋ, ਚੀਨੀ ਰਾਜ ਦੇ ਕੌਂਸਲਰ ਅਤੇ ਵਿਦੇਸ਼ ਮੰਤਰੀ ਸ਼੍ਰੀ ਵੈਂਗ ਯੀ ਅਤੇ ਦੱਖਣੀ ਅਫਰੀਕੀ ਗਣਤੰਤਰ ਦੀ ਅੰਤਰਰਾਸ਼ਟਰੀ ਸੰਬੰਧਾਂ ਅਤੇ ਸਹਿਕਾਰਤਾ ਮੰਤਰੀ ਸ਼੍ਰੀਮਤੀ ਗ੍ਰੇਸ ਨਾਲੇਡੀ ਪਾਂਡੋਰ ਨੇ ਸਬੰਧਤ BRICS ਦੇਸ਼ਾਂ ਦੀ ਨੁਮਾਇੰਦਗੀ ਕੀਤੀ।

ਇਹ ਵੀਡੀਓ ਕਾਨਫਰੰਸ COVID-19 ਮਹਾਂਮਾਰੀ ਦੇ ਸੰਕਟ ਦੇ ਪਿਛੋਕੜ ਵਿੱਚ ਕਰਾਈ ਗਈ ਸੀ। ਇਸ ਕਾਨਫਰੈਂਸ ਵਿੱਚ ਹੋਈ ਗੱਲਬਾਤ COVID -19 ਸੰਕਟ, ਇਸ ਦੇ ਪ੍ਰਭਾਵ ਅਤੇ BRICS ਦੇ ਪ੍ਰਤੀਕਰਮ 'ਤੇ ਕੇਂਦਰਤ ਰਹੀ। BRICS ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ 2020 ਵਿੱਚ BRICS ਵੱਲੋਂ ਰੂਸ ਦੀ ਪ੍ਰਧਾਨਗੀ ਹੇਠ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

ਵਿਦੇਸ਼ ਮੰਤਰੀ ਨੇ ਆਪਣੀ ਟਿੱਪਣੀ ਜ਼ਰੀਏ ਇਸ ਵਿਸ਼ੇਸ਼ ਬੈਠਕ ਨੂੰ ਬੁਲਾਉਣ ਲਈ ਰੂਸੀ ਵਿਦੇਸ਼ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਰੀ ਦੁਨੀਆਂ ਦੀ ਲਗਭਗ 42 ਪ੍ਰਤੀਸ਼ਤ ਦੀ ਨੁਮਾਇੰਦਗੀ ਕਰਨ ਵਾਲੇ BRICS ਦੇਸ਼ਾਂ ਦੀ, ਜਿਨ੍ਹਾਂ ਦੀ ਆਰਥਿਕ ਵਿਕਾਸ ਦੀ ਰਫਤਾਰ, ਨਿਵੇਸ਼ ਅਤੇ ਵਪਾਰ 'ਚ ਭਾਗੀਦਾਰੀ ਪ੍ਰਭਾਵਸ਼ਾਲੀ ਹੈ, ਦੁਨੀਆਂ ਦੇ ਆਰਥਿਕ ਅਤੇ ਸਿਆਸੀ ਢਾਂਚੇ ਨੂੰ ਆਕਾਰ ਦੇਣ 'ਚ ਮਹੱਤਵਪੂਰਣ ਭੂਮਿਕਾ ਹੈ।

ਵਿਦੇਸ਼ ਮੰਤਰੀ ਨੇ ਇਸ ਮਹਾਂਮਾਰੀ ਦੇ ਮੱਦੇਨਜ਼ਰ ਭਾਰਤ ਵੱਲੋਂ ਆਰੋਗਯ ਸੇਤੂ ਸਿਟੀਜ਼ਨ ਐਪ ਅਤੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਪੈਕੇਜ ਦੇ ਜ਼ਰੀਏ ਕੀਤੇ ਗਏ ਉਪਰਾਲਿਆਂ ਅਤੇ ਕਈ ਫ਼ੈਸਲਾਕੁਨ ਕਦਮਾਂ ਉੱਤੇ ਚਾਨਣਾ ਪਾਇਆ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ WHO ਦੁਆਰਾ ਇਸ ਬੀਮਾਰੀ ਦੇ ਫੈਲਣ ਨੂੰ ਅੰਤਰਰਾਸ਼ਟਰੀ ਜਨਤਕ ਸਿਹਤ ਐਮਰਜੈਂਸੀ ਐਲਾਨੇ ਜਾਣ ਤੋਂ ਬਹੁਤ ਪਹਿਲਾਂ ਹੀ ਭਾਰਤ ਨੇ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਉਪਾਅ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਨੇ BRICS ਵਿਦੇਸ਼ ਮੰਤਰੀਆਂ ਨੂੰ ਦੱਖਣੀ ਏਸ਼ੀਆ ਵਿੱਚ COVID -19 ਦੀ ਰੋਕਥਾਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਤਾਲਮੇਲ ਬਣਾਉਣ ਦੀ ਪਹਿਲਕਦਮੀ ਅਤੇ SAARC ਦੇਸ਼ਾਂ ਦੁਆਰਾ COVID -19 ਐਮਰਜੈਂਸੀ ਰਿਸਪੌਂਸ ਫੰਡ ਦੀ ਸਥਾਪਨਾ ਬਾਰੇ ਜਾਣੂ ਕਰਾਇਆ। ਭਾਰਤ ਅਫਰੀਕਾ ਦੇ ਕਈ ਦੇਸ਼ਾਂ ਸਮੇਤ ਤਕਰੀਬਨ 85 ਦੇਸ਼ਾਂ ਨੂੰ ਗ੍ਰਾਂਟ ਵਜੋਂ ਦਵਾਈਆਂ ਦੇ ਰੂਪ ਵਿੱਚ ਸਹਾਇਤਾ ਪ੍ਰਦਾਨ ਕਰ ਰਿਹਾ ਹੈ, ਤਾਂ ਜੋ ਉਨ੍ਹਾਂ ਨੂੰ ਇਸ ਮਹਾਂਮਾਰੀ ਨਾਲ ਨਜਿੱਠਣ 'ਚ ਮਦਦ ਮਿਲ ਸਕੇ। ਇਸ ਦਾ ਵੱਡੇ ਪੱਧਰ 'ਤੇ ਸਵਾਗਤ ਕੀਤਾ ਗਿਆ ਹੈ।

ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਮਹਾਂਮਾਰੀ ਨਾ ਸਿਰਫ ਮਨੁੱਖਤਾ ਦੀ ਸਿਹਤ ਅਤੇ ਖੈਰੀਅਤ ਲਈ ਵੱਡਾ ਖਤਰਾ ਹੈ ਬਲਕਿ ਇਹ ਕੌਮਾਂਤਰੀ ਵਪਾਰ ਅਤੇ ਸਪਲਾਈ ਚੇਨ ਵਿੱਚ ਵਿਘਨ ਪਾ ਕੇ ਦੁਨੀਆਂ ਭਰ ਦੀ ਆਰਥਿਕਤਾ ਅਤੇ ਉਤਪਾਦਨ 'ਤੇ ਮਾੜਾ ਅਸਰ ਵੀ ਪਾ ਰਹੀ ਹੈ। ਵੱਖ ਵੱਖ ਖੇਤਰਾਂ 'ਚ ਆਰਥਿਕ ਗਤੀਵਿਧੀਆਂ 'ਤੇ ਮਾੜਾ ਅਸਰ ਪਿਆ ਹੈ, ਜਿਸ ਨਾਲ ਨੌਕਰੀਆਂ ਅਤੇ ਰੋਜ਼ਗਾਰ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਇਸ ਸੰਕਟ 'ਤੇ ਕਾਬੂ ਪਾਉਣ ਲਈ ਕਾਰੋਬਾਰਾਂ ਨੂੰ, ਖਾਸ ਕਰ MSMEs ਨੂੰ, ਮਦਦ ਦੇਣ ਦੀ ਲੋੜ ਹੈ ਤਾਂ ਜੋ ਰੋਜ਼ਗਾਰ ਦਾ ਨੁਕਸਾਨ ਨਾ ਹੋਣਾ ਯਕੀਨੀ ਬਣਾਇਆ ਜਾ ਸਕੇ। ਵਿਦੇਸ਼ ਮੰਤਰੀ ਨੇ ਦੱਸਿਆ ਕਿ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਨ ਵਿੱਚ ਰਵਾਇਤੀ ਦਵਾਈ ਪ੍ਰਣਾਲੀਆਂ ਦੀ ਪ੍ਰਭਾਵਸ਼ੀਲਤਾ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ BRICS ਨੂੰ ਇਨ੍ਹਾਂ ਯਤਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ।

ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੌਜੂਦਾ ਚੁਣੌਤੀ ਬਹੁਪੱਖੀ ਪ੍ਰਣਾਲੀਆਂ ਵਿੱਚ ਸੁਧਾਰ ਦੀ ਵੱਡੀ ਲੋੜ ਨੂੰ ਹੋਰ ਵੀ ਸਪਸ਼ਟ ਤੌਰ 'ਤੇ ਦਰਸਾਉਂਦੀ ਹੈ ਅਤੇ ਇਹ ਵੀ ਕਿਹਾ ਕਿ ਬੇਹਤਰ ਬਹੁਪੱਖੀਵਾਦ ਹੀ ਭਵਿੱਖ ਦਾ ਰਸਤਾ ਹੈ। ਉਨ੍ਹਾਂ ਨੇ ਕੌਮਾਂਤਰੀ ਏਜੰਡੇ ਵਿੱਚ ਵਿਕਾਸ ਦੀ ਕੇਂਦਰੀ ਭੂਮਿਕਾ ਦਾ ਜ਼ਿਕਰ ਕੀਤਾ।

ਭਾਰਤ ਨੇ 2020 ਵਿੱਚ ਰੂਸ ਵੱਲੋਂ BRICS ਦੀ ਪ੍ਰਧਾਨਗੀ ਸੰਭਾਲਣ ਅਤੇ ਇਸਦੇ ਸਮੁੱਚੇ ਵਿਸ਼ੇ "ਅੰਤਰਰਾਸ਼ਟਰੀ ਸਥਿਰਤਾ, ਸਾਂਝੀ ਸੁਰੱਖਿਆ ਅਤੇ ਨਵੀਨਤਾਕਾਰੀ ਵਿਕਾਸ ਲਈ BRICS ਭਾਈਵਾਲੀ" ਲਈ ਆਪਣਾ ਮਜ਼ਬੂਤ ਸਮਰਥਨ ਦੁਹਰਾਇਆ।

7 ਮਈ, 2020 ਨੂੰ COVID-19 ਮਹਾਂਮਾਰੀ ਬਾਰੇ BRICS ਸਿਹਤ ਅਧਿਕਾਰੀਆਂ ਦੀ ਇੱਕ ਵਰਚੁਅਲ ਮੀਟਿੰਗ ਕਰਾਉਣ ਦੀ ਤਜਵੀਜ਼ ਹੈ, ਤਾਂ ਜੋ ਵਿਚਾਰ ਵਟਾਂਦਰੇ ਨੂੰ ਇਕਾਗਰ ਅਤੇ ਸਾਰਥਕ ਤਰੀਕੇ ਨਾਲ ਅੱਗੇ ਲਿਜਾਇਆ ਜਾ ਸਕੇ।

ਨਵੀਂ ਦਿੱਲੀ
28 ਅਪ੍ਰੈਲ, 2020

DISCLAIMER: This is an approximate translation. The original is available in English on MEA's website and may be referred to as the official press release.